# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ
# ਪ੍ਰੈਸ ਨੋਟ

## ਮੇਅਰ ਸ਼ਿਵ ਸੂਦ ਨੇ ਨਗਰ ਨਿਗਮ ਫਗਵਾੜਾ ਵਿੱਚ ਕੀਤੇ ਜਾ ਰਹੇ ਸਫਾਈ ਪ੍ਰਬੰਧਾਂ ਦੀ ਜਾਣਕਾਰੀ ਸਬੰਧੀ ਕੀਤਾ ਦੋਰਾ।

ਹੁਸ਼ਿਆਰਪੁਰ 14 ਜੁਲਾਈ ਨਗਰ ਨਿਗਮ ਫਗਵਾੜਾ ਵਿੱਚ ਸਵੱਛ ਭਾਰਤ ਅਭਿਆਨ ਤਹਿਤ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਲਈ ਲਗਾਏ ਜਾ ਰਹੇ ਸਮਾਰਟ ਬਿੱਲ ਦੇ ਪਾਇਲਟ ਪ੍ਰੋਜੈਕਟ ਦੀ ਜਾਣਕਾਰੀ ਵਿਕਾਸ ਕਾਰਜਾਂ ਅਤੇ ਨਗਰ ਨਿਗਮ, ਫਗਵਾੜਾ ਦੀ ਕਾਰਜ ਪ੍ਰਣਾਲੀ ਸਬੰਧੀ ਜਾਣਕਾਰੀ ਲੈਣ ਲਈ ਨਗਰ ਨਿਗਮ, ਹੁਸ਼ਿਆਰਪੁਰ ਦੇ  ਮੇਅਰ ਸ਼ਿਵ ਸੂਦ ਨਗਰ ਨਿਗਮ ਫਗਵਾੜਾ ਦੇ ਦਫਤਰ ਵਿਖੇ ਪਹੁੰਚੇ, ਕਾਰਜਕਾਰੀ ਇਜੀਨੀਅਰ ਸਤੀਸ਼ ਸੈਣੀ ਅਤੇ ਕੌਂਸਲਰ ਰਮੇਸ਼ ਕੁਮਾਰ ਠਾਕੁਰ ਵੀ ਇਸ ਮੌਕੇ ਤੇ ਉਨਾਂ ਦੇ ਨਾਲ ਸਨ। ਦਫਤਰ ਨਗਰ ਨਿਗਮ ਫਗਵਾੜਾ ਵਿਖੇ ਪਹੁੰਚਣ ਤੇ ਮੇਅਰ ਅਰੁਨ ਖੋਸਲਾ ਨੇ ਮੇਅਰ ਸ਼ਿਵ ਸੂਦ ਦਾ ਸਵਾਗਤ ਕੀਤਾ। ਮੇਅਰ ਸ਼ਿਵ ਸੂਦ ਨੇ ਨਗਰ ਨਿਗਮ ਫਗਵਾੜਾ ਵਿਖੇ ਸਵੱਛ ਭਾਰਤ ਅਭਿਆਨ ਤਹਿਤ ਚਲਾਏ ਜਾ ਰਹੇ ਪਾਇਲਟ ਪ੍ਰੋਜੈਕਟਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਹਾਸਲ ਕੀਤੀ ਅਤੇ ਨਗਰ ਨਿਗਮ ਵੱਲੋਂ ਲਗਾਏ ਗਏ ਸਮਾਰਟ ਬਿੰਨ ਅਤੇ ਆਧੁਨਿਕ ਪਖਾਨੇ ਵੀ ਮੋਕੇ ਤੇ ਜਾ ਕੇ ਵੇਖੇ।ਫਗਵਾੜਾ ਦੇ ਮੇਅਰ ਅਰੁਨ ਖੋਸਲਾ ਨੇ ਇਸ ਮੌਕੇ ਤੇ ਨਗਰ ਨਿਗਮ, ਫਗਵਾੜਾ ਵਲੋ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਅਤੇ ਸਰਕਾਰ ਵਲੋ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਲਾਗੂ ਕਰਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।